WCB FACTS 2017

# ਕਰਮਚਾਰੀਆਂ ਨੂੰ ਜ਼ਿਆਦਾ ਭੁਗਤਾਨ

## ਜ਼ਿਆਦਾ ਭੁਗਤਾਨ ਕੀ ਹੁੰਦਾ ਹੈ?

ਇੱਕ ਵਾਰੀ ਜਦੋਂ ਤੁਹਾਡਾ ਦਾਅਵਾ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਤੁਸੀਂ ਸਾਡੇ ਤੋਂ ਕੁਝ ਪੱਧਰ ਦੇ ਬੈਨਿਫਿਟਾਂ ਲਈ ਦਾਅਵੇਦਾਰ ਬਣ ਜਾਂਦੇ ਹੋ। ਜੇ ਤੁਸੀਂ ਅਜਿਹੇ ਬੈਨਿਫਿਟ ਪ੍ਰਾਪਤ ਕਰਦੇ ਹੋ ਜਿਨ੍ਹਾਂ ਲਈ ਤੁਸੀਂ ਹੱਕਦਾਰ ਨਹੀਂ ਹੁੰਦੇ, ਤਾਂ ਤੁਹਾਨੂੰ ਜ਼ਿਆਦਾ ਭੁਗਤਾਨ ਕੀਤਾ ਗਿਆ ਹੈ।

ਹਾਲਾਂਕਿ ਅਸੀਂ ਆਪਣੇ ਦੁਆਰਾ ਜ਼ਿਆਦਾ ਭੁਗਤਾਨ ਰੋਕਣ ਲਈ ਪੂਰੀ ਕੋਸ਼ਿਸ਼ ਕਰਦੇ ਹਾਂ, ਪਰ ਉਹ ਕਈ ਵਾਰੀ ਹੋ ਜਾਂਦੇ ਹਨ।

## ਮੈਂ ਜ਼ਿਆਦਾ ਭੁਗਤਾਨ ਰੋਕਣ ਵਿੱਚ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

ਤੁਸੀਂ ਜ਼ਿਆਦਾ ਭੁਗਤਾਨਾਂ ਨੂੰ ਘੱਟ ਤੋਂ ਘੱਟ ਕਰਨ ਜਾਂ ਰੋਕਣ ਲਈ ਮਦਦ ਕਰ ਸਕਦੇ ਹੋ।
ਜੇ ਤੁਸੀਂ ਉਸ ਵੇਲੇ ਆਪਣੇ ਐਡਜਿਊਡੀਕੇਟਰ ਜਾਂ ਕੇਸ ਮੈਨੇਜਰ ਨੂੰ ਤੁਰੰਤ ਕਾਲ ਕਰਦੇ ਹੋ ਜਦੋਂ:

- ਤੁਸੀਂ ਕੰਮ ਤੇ ਵਾਪਸ ਆਉਂਦੇ ਹੋ
- ਤੁਸੀਂ WCB ਬੈਨਿਫਿਟਾਂ ਨੂੰ ਪ੍ਰਾਪਤ ਕਰਨ ਸਮੇਂ ਹੋਰ ਬੈਨਿਫਿਟ ਜਾਂ ਆਮਦਨ ਪ੍ਰਾਪਤ ਕਰਦੇ ਹੋ (ਮਿਸਾਲ ਲਈ ਕੈਨੇਡਾ ਪੇਨਸ਼ਨ ਪਲਾਨ – CPP); ਤੁਹਾਡਾ ਐਡਜਿਊਡੀਕੇਟਰ ਜਾਂ ਕੇਸ ਮੈਨੇਜਰ ਤੁਹਾਨੂੰ ਦੱਸੇਗਾ ਕਿ ਕੀ ਦੂਜੇ ਬੈਨਿਫਿਟ ਜਾਂ ਆਮਦਨ ਤੁਹਾਡੇ WCB ਬੈਨਿਫਿਟਾਂ ਤੇ ਅਸਰ ਪਾਉਣਗੇ ਜਾਂ ਨਹੀਂ।
- ਤੁਹਾਡੇ ਹਾਲਾਤ ਵਿੱਚ ਤਬਦੀਲੀ ਆਉਂਦੀ ਹੈ ਜੋ ਤੁਹਾਨੂੰ ਅਦਾ ਕੀਤੇ ਜਾਂਦੇ ਫਾਇਦੀਆਂ ਤੇ ਅਸਰ ਪਾ ਸਕਦੇ ਹਨ
- ਤੁਹਾਨੂੰ ਪਤਾ ਲਗਦਾ ਹੈ ਕਿ ਤੁਹਾਡੀ ਰਿਪੋਰਟ ਕੀਤੀ ਕਮਾਈ ਦੀ ਜਾਣਕਾਰੀ ਗਲਤ ਹੈ ਜਦੋਂ ਤੁਹਾਡੇ WCB ਫਾਇਦੇ ਤੁਹਾਡੀ ਆਸ ਨਾਲੋਂ ਜ਼ਿਆਦਾ ਹੁੰਦੇ ਹਨ; ਤਨਖਾਹ ਦੀ ਥਾਂ ਤੇ ਮਿਲਣ ਵਾਲੇ ਫਾਇਦੀਆਂ ਦਾ ਭੁਗਤਾਨ ਆਮ ਤੌਰ ਤੇ ਤੁਹਾਡੀ ਕੁਲ ਕਮਾਈ ਦੇ 90% ਦੇ ਆਧਾਰ ਤੇ ਕੀਤਾ ਜਾਂਦਾ ਹੈ। (ਜਦੋਂ ਤਕ ਕਿ ਤੁਹਾਡੀ ਕਮਾਈ ਹਾਦਸੇ ਤੋਂ ਪਹਿਲਾਂ WCB ਦੁਆਰਾ ਤੈਅ ਕੀਤੀ ਘੱਟੋ-ਘੱਟ ਸਲਾਨਾ ਕਮਾਈ ਤੋਂ ਘੱਟ ਜਾਂ ਇਸ ਦੇ ਬਰਾਬਰ ਨਹੀਂ ਹੁੰਦੀ। ਇਸ ਸੂਰਤ ਵਿੱਚ, ਤੁਹਾਡੇ ਬੈਨਿਫਿਟ ਤੁਹਾਡੀ ਕੁਲ ਕਮਾਈ ਦੇ 100% ਤੇ ਆਧਾਰਤ ਹੋਣਗੇ। ਹੋਰ ਜਾਣਕਾਰੀ ਲਈ "ਮਜ਼ਦੂਰੀ ਦੀ ਹਾਨੀ ਤੇ ਮਿਲਣ ਵਾਲੇ ਫਾਇਦੀਆਂ ਦਾ ਹਿਸਾਬ-ਕਿਤਾਬ" ਸਬੰਧੀ ਤੱਥ ਸੀਟ ਦੇਖੋ।)

ਤੁਹਾਡਾ ਐਡਜਿਊਡੀਕੇਟਰ ਜਾਂ ਕੇਸ ਮੈਨੇਜਰ ਇਹ ਸਪੱਸ਼ਟ ਕਰ ਸਕਦੇ ਹਨ ਕਿ ਤੁਹਾਡੇ ਬੈਨਿਫਿਟਾਂ ਦਾ ਹਿਸਾਬ ਕਿਸ ਤਰ੍ਹਾਂ ਕੀਤਾ ਜਾ ਰਿਹਾ ਹੈ ਅਤੇ ਉਹ ਜ਼ਿਆਦਾ ਭੁਗਤਾਨ ਨੂੰ ਘੱਟ ਤੋਂ ਘੱਟ ਕਰਨ ਜਾਂ ਰੋਕਣ ਲਈ ਕੋਈ ਵੀ ਤਬਦੀਲੀਆਂ ਕਰ ਸਕਦੇ ਹਨ।

## ਜ਼ਿਆਦਾ ਭੁਗਤਾਨ ਦੀ ਪਛਾਣ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਜਿਵੇਂ ਹੀ ਸਾਨੂੰ ਜ਼ਿਆਦਾ ਭੁਗਤਾਨ ਬਾਰੇ ਪਤਾ ਲੱਗਦਾ ਹੈ, ਅਸੀਂ ਤੁਹਾਨੂੰ ਇਹ ਕਿਵੇਂ ਵਾਪਰਿਆ, ਇਸ ਬਾਰੇ ਅਤੇ ਜ਼ਿਆਦਾ ਭੁਗਤਾਨ ਦੀ ਰਕਮ ਬਾਰੇ ਦੱਸਣ ਲਈ ਸੂਚਿਤ ਕਰਾਂਗੇ। ਅਸੀਂ ਵਾਪਸੀ-ਭੁਗਤਾਨ ਦਾ ਕਾਰਜ-ਕ੍ਰਮ ਬਣਾਉਣ ਲਈ ਤੁਹਾਡੇ ਨਾਲ ਕੰਮ ਕਰਾਂਗੇ।

ਤੁਹਾਡੇ ਰੁਜ਼ਗਾਰਦਾਤਾ ਨੂੰ ਵੀ ਜ਼ਿਆਦਾ ਭੁਗਤਾਨ ਬਾਰੇ ਸੂਚਿਤ ਕੀਤਾ ਜਾਵੇਗਾ।

## ਜੇ ਮੈਨੂੰ ਇਹ ਨਹੀਂ ਲੱਗਦਾ ਕਿ ਮੈਨੂੰ ਜ਼ਿਆਦਾ ਭੁਗਤਾਨ ਕੀਤਾ ਗਿਆ ਸੀ ਤਾਂ ਕੀ ਹੁੰਦਾ ਹੈ?

ਜੇ ਜ਼ਿਆਦਾ ਭੁਗਤਾਨ ਲਈ ਸਪੱਸ਼ਟੀਕਰਨ ਪ੍ਰਾਪਤ ਕਰਨ ਤੋਂ ਬਾਅਦ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਨੂੰ ਜ਼ਿਆਦਾ ਭੁਗਤਾਨ ਕੀਤਾ ਗਿਆ ਸੀ, ਤਾਂ ਤੁਸੀਂ ਲਿਖਤੀ ਰੂਪ ਵਿੱਚ ਅਪੀਲ ਕਰ ਸਕਦੇ ਹੋ। ਜੇ ਤੁਸੀਂ ਜ਼ਿਆਦਾ ਭੁਗਤਾਨ 'ਤੇ ਅਪੀਲ ਕਰਦੇ ਹੋ, ਤਾਂ ਅਸੀਂ ਅਪੀਲ ਦਾ ਫੈਸਲਾ ਹੋਣ ਤਕ ਵਸੂਲੀ ਨੂੰ ਅਸਥਾਈ ਤੌਰ ਤੇ ਮੁਲਤਵੀ ਕਰਾਂਗੇ। □□□□□, WCB □□ □□□ □□□□□□□ ਤੁਹਾਡੇ ਅਪੀਲ ਦੇ ਮੁੱਦੇ ਤੁਹਾਡੇ ਬੈਨਿਫਿਟਾਂ ਦੇ , ਉੱਥੇ ਵਸੂਲੀ ਦੀਆਂ ਕੋਸ਼ਿਸ਼ਾਂ ,ਜ਼ਿਆਦਾ ਭੁਗਤਾਨ ਵਿੱਚ ਤਬਦੀਲੀ ਲਈ ਮੁਨਾਸਬ ਕਾਰਨ ਬਾਰੇ ਨਹੀਂ ਦੱਸਦੇ ਜਾਰੀ ਰਹਿਣਗੀਆਂ।

ਜੇ ਤੁਹਾਨੂੰ ਅਪੀਲ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ ਆਪਣੀ ਯੂਨੀਅਨ ਜਾਂ ਵਰਕਰ ਐਡਵਾਇਜ਼ਰ ਆਫਿਸ ਨਾਲ ਸੰਪਰਕ ਕਰੋ।

## WCB ਜ਼ਿਆਦਾ ਭੁਗਤਾਨਾਂ ਨੂੰ ਕਿਵੇਂ ਵਾਪਸ ਲੈਂਦਾ ਹੈ?

ਆਮ ਤੌਰ ਤੇ, ਅਸੀਮ ਦੇਣਯੋਗ ਰਕਮ ਦੇ ਆਧਾਰ ਤੇ, ਇੱਕ ਸਾਲ ਅੰਦਰ ਜ਼ਿਆਦਾ ਭੁਗਤਾਨ ਦੀ ਪੂਰੀ ਰਕਮ ਵਾਪਸ ਲੈਣ ਦੀ ਕੋਸ਼ਿਸ਼ ਕਰਦੇ ਹਾਂ।

ਜੇ ਤੁਹਾਨੂੰ ਜ਼ਿਆਦਾ ਭੁਗਤਾਨ ਬਾਰੇ ਪਤਾ ਲੱਗਣ ਤੋਂ ਬਾਅਦ ਬੈਨਿਫਿਟਾਂ ਦਾ ਮਿਲਣਾ ਜਾਰੀ ਰਹਿੰਦਾ ਹੈ, ਤਾਂ ਅਸੀਂ ਤੁਹਾਡੀ ਹਫ਼ਤਾਵਾਰ ਬੈਨਿਫਿਟ ਰਕਮ ਤੋਂ ਵਾਪਸੀ ਭੁਗਤਾਨ ਦੀ ਕਟੌਤੀ ਕਰਨ ਦਾ ਇੰਤਜ਼ਾਮ ਕਰਾਂਗੇ। ਤੁਹਾਡਾ ਐਡਜਿਊਡੀਕੇਟਰ ਜਾਂ ਕੇਸ ਮੈਨੇਜਰ ਇਹ ਨਿਰਧਾਰਤ ਕਰਨ ਲਈ ਤੁਹਾਡੇ ਨਾਲ ਸਲਾਹ ਕਰੇਗਾ ਕਿ ਤੁਸੀਂ ਹਰੇਕ ਹਫ਼ਤੇ ਕਿੰਨਾ ਵਾਪਸੀ-ਭੁਗਤਾਨ ਕਰ ਸਕਦੇ ਹੋ।

ਜੇ ਜ਼ਿਆਦਾ ਭੁਗਤਾਨ ਬਾਰੇ ਪਤਾ ਲੱਗਣ ਸਮੇਂ ਤੁਹਾਨੂੰ ਹੁਣ ਬੈਨਿਫਿਟ ਪ੍ਰਾਪਤ ਨਹੀਂ ਹੋ ਰਹੇ ਹਨ, ਤਾਂ ਤੁਸੀਂ ਜ਼ਿਆਦਾ ਭੁਗਤਾਨ ਲਈ ਉੱਕਾ-ਪੁੱਕਾ ਵਾਪਸੀ-ਭੁਗਤਾਨ ਕਰ ਸਕਦੇ ਹੋ ਜਾਂ ਤੁਸੀਂ ਕਿਸ਼ਤਾਂ ਵਿੱਚ ਵਾਪਸੀ ਭੁਗਤਾਨ ਕਰਨ ਲਈ ਇੰਤਜ਼ਾਮ ਕਰ ਸਕਦੇ ਹੋ। ਵਾਪਸੀ-ਭੁਗਤਾਨ ਦੇ ਇੰਤਜ਼ਾਮ ਤੁਹਾਡੀ ਦੇਣਯੋਗ ਰਕਮ ਅਤੇ ਤੁਹਾਡੀ ਭੁਗਤਾਨ ਕਰਨ ਦੀ ਸਮਰੱਥਾ ਤੇ ਨਿਰਭਰ ਕਰਨਗੇ।

ਜ਼ਿਆਦਾ ਭੁਗਤਾਨਾਂ ਨੂੰ ਉਹਨਾਂ ਕਿਸੇ ਵੀ ਰਕਮਾਂ ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੋ ਅਸੀਂ ਤੁਹਾਨੂੰ ਦੇਣੀਆਂ ਹੋ ਸਕਦੀਆਂ ਹਨ, ਜਿਵੇਂ ਕਿ:

- ਤੁਹਾਡੇ ਮੌਜੂਦਾ ਦਾਅਵੇ ਬਾਰੇ ਭਵਿੱਖ ਦੇ ਬੈਨਿਫਿਟ
- ਕਿਸੇ ਵੱਖਰੇ ਦਾਅਵੇ ਬਾਰੇ ਭਵਿੱਖ ਦੇ ਬੈਨਿਫਿਟ
- ਸਥਾਈ ਵਿਗਾੜ ਲਈ ਅਵਾਰਡ
- ਡਾਕਟਰੀ ਸਲਾਹ ਵਾਲੀਆਂ ਦਵਾਈਆਂ, ਸਫਰੀ ਖਰਚਿਆਂ ਵਰਗੇ ਤੁਹਾਡੇ ਦੁਆਰਾ ਭੁਗਤਾਨ ਕੀਤੇ WCB ਖਰਚਿਆਂ ਲਈ ਧਨ ਵਾਪਸੀ
- ਵਿਸ਼ੇਸ਼ ਵਾਧੂ ਮੁਆਵਜ਼ਾ ਜਾਂ ਤਨਖਾਹ ਦੇ ਨੁਕਸਾਨ ਦੇ ਲੰਬੇ ਸਮੇਂ ਦੇ ਬੈਨਿਫਿਟ
- ਰਿਟਾਇਰਮੈਂਟ ਸਲਾਨਾ ਲਾਭ ਲਈ WCB ਕੋਲ ਮੌਜੂਦ ਰਕਮ (ਜਿਸ ਵਿੱਚ ਤੁਹਾਡੇ ਸਵੈਇੱਛੁਕ ਯੋਗਦਾਨ ਵੀ ਸ਼ਾਮਲ ਹਨ)।

## ਜੇ ਮੈਂ ਜ਼ਿਆਦਾ ਭੁਗਤਾਨ ਨੂੰ ਵਾਪਸ ਨਹੀਂ ਕਰ ਸਕਦਾ/ਸਕਦੀ ਹਾਂ ਤਾਂ?

ਜੇ ਤੁਸੀਂ ਹੁਣ ਪੈਸੇ ਵਾਪਸ ਨਹੀਂ ਕਰ ਸਕਦੇ, ਤਾਂ ਆਪਣੇ ਐਡਜਿਉਡੀਕੇਟਰ ਜਾਂ ਕੇਸ ਮੈਨੇਜਰ ਜਾਂ ਸਾਡੇ ਕਲੈਕਸ਼ਨ ਡਿਪਾਰਟਮੈਂਟ ਨਾਲ ਸੰਪਰਕ ਕਰੋ। ਉਹ ਤੁਹਾਡੇ ਨਾਲ ਤੁਹਾਡੀ ਵਿੱਤੀ ਸਥਿਤੀ ਬਾਰੇ ਵਿਚਾਰ-ਵਟਾਂਦਰਾ ਕਰਨਗੇ ਅਤੇ ਵਾਪਸੀ-ਭੁਗਤਾਨ ਵਾਲੀ ਕਿਸੇ ਤਸੱਲੀਬਖਸ਼ ਯੋਜਨਾ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰਨਗੇ।

ਜੇ ਸਾਨੂੰ ਲੱਗਦਾ ਹੈ ਕਿ ਜ਼ਿਆਦਾ ਭੁਗਤਾਨ ਦਾ ਵਾਪਸੀ-ਭੁਗਤਾਨ ਕਰਨ ਕਾਰਨ ਤੁਹਾਨੂੰ ਗੰਭੀਰ ਵਿੱਤੀ ਮੁਸ਼ਕਲ ਹੋਵੇਗੀ, ਤਾਂ ਅਸੀਂ ਤੁਹਾਡੀ ਵਿੱਤੀ ਸਥਿਤੀ ਵਿੱਚ ਸੁਧਾਰ ਹੋਣ ਤਕ ਕਲੈਕਸ਼ਨ ਨੂੰ ਅਸਥਾਈ ਤੌਰ ਤੇ ਅੱਗੇ ਪਾ ਸਕਦੇ ਹਾਂ। ਅਸੀਂ ਤੁਹਾਡੇ ਤੋਂ ਆਸ ਕਰਦੇ ਹਾਂ ਕਿ ਆਖਰ ਵਿੱਚ ਤੁਸੀਂ ਸਾਨੂੰ ਵਾਪਸ- ਭੁਗਤਾਨ ਕਰੋ ਅਤੇ ਅਸੀਂ ਸਮੇ-ਸਮੇਂ ਤੇ ਇਹ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਾਂਗੇ ਕਿ ਕੀ ਤੁਸੀਂ ਹੁਣ ਵਾਪਸ-ਭੁਗਤਾਨ ਸ਼ੁਰੂ ਕਰਨ ਦੀ ਸਥਿਤੀ ਵਿੱਚ ਹੋ।

## ਜੇ ਮੈਂ ਪੈਸੇ ਦਾ ਵਾਪਸੀ ਭੁਗਤਾਨ ਨਹੀਂ ਕਰਦਾ/ਕਰਦੀ ਤਾਂ ਕੀ ਹੁੰਦਾ ਹੈ?

ਜੇ ਤੁਸੀਂ ਮੁਨਾਸਬ ਸਮੇਂ ਅੰਦਰ ਵਾਪਸੀ-ਭੁਗਤਾਨ ਦੀ ਢੁਕਵੀਂ ਯੋਜਨਾ ਲਈ ਗੱਲਬਾਤ ਕਰਨ ਦੇ ਇੱਛੁਕ ਨਹੀਂ ਹੁੰਦੇ ਹੋ ਤਾਂ, ਤੁਹਾਡੇ ਤੋਂ ਜ਼ਿਆਦਾ ਭੁਗਤਾਨ ਲੈਣ ਲਈ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਾਨੂੰਨੀ ਕਾਰਵਾਈ ਵਿੱਚ ਅੱਗੇ ਦਿੱਤਿਆਂ ਵਿੱਚੋਂ ਕੋਈ ਇੱਕ ਜਾਂ ਸਾਰੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ਤਨਖਾਹਾਂ ਜਾਂ ਨਿੱਜੀ ਬੈਂਕ ਖਾਤੇ ਨੂੰ ਜ਼ਬਤ ਕਰਨਾ।
- ਕਨੂੰਨੀ ਹੱਕ ਦੇ ਰੂਪ ਵਿੱਚ ਨਿੱਜੀ ਸੰਪਤੀ ਵਿਰੁੱਧ ਫੈਸਲਾ।
- ਜਾਇਦਾਦ ਨੂੰ ਜ਼ਬਤ ਕਰਨਾ।

ਤੁਸੀਂ ਇਹਨਾਂ ਕਾਰਵਾਈਆਂ ਦੇ ਖਰਚਿਆਂ ਲਈ ਭੁਗਤਾਨ ਕਰਨ ਦੇ ਜ਼ਿੰਮੇਵਾਰ ਹੋਵੋਗੇ।

- ਜ਼ਿਆਦਾ ਭੁਗਤਾਨ ਕੀ ਵਸੂਲੀ ਨੂੰ ਕਿਸੇ ਬਾਹਰੀ ਏਜੰਸੀ ਦੇ ਸਪੁਰਦ ਕਰਨਾ, ਜੋ ਤੁਹਾਡੀ ਕ੍ਰੈਡਿਟ ਰੇਟਿੰਗ ਤੇ ਨਾਕਾਰਾਤਮਕ ਅਸਰ ਪਾ ਸਕਦੀ ਹੈ।

ਬਕਾਇਆ ਵਾਪਸੀ-ਭੁਗਤਾਨਾਂ ਦੇ ਰਿਕਾਰਡ ਨੂੰ ਘੱਟੋ-ਘੱਟ ਛੇ ਸਾਲਾਂ ਲਈ ਰੱਖਿਆ ਜਾਂਦਾ ਹੈ। ਜੇ ਭਵਿੱਖ ਵਿੱਚ ਤੁਹਾਡਾ ਕੋਈ ਹੋਰ WCB ਦਾਅਵਾ ਹੁੰਦਾ ਹੈ, ਤਾਂ ਅਸੀਂ ਉਹਨਾਂ ਬੈਨਿਫਿਟਾਂ ਤੋਂ ਭੁਗਤਾਨ ਨਾ ਕੀਤੇ ਜ਼ਿਆਦਾ-ਭੁਗਤਾਨ ਦੀ ਕਟੌਤੀ ਕਰ ਸਕਦੇ ਹਾਂ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।